# ਮਾਂ-ਪਿਓ ਅਤੇ ਹੋਰਾਂ ਦੇ ਫਰਜ਼

**ਮਾਂ-ਪਿਓ ਅਤੇ ਹੋਰਾਂ ਦੇ ਫਰਜ਼: ਨਵੀਆਂ ਕਨੂੰਨੀ ਬੰਦਸ਼ਾਂ**

ਜੂਨ, 2019 ਵਿਚ ਕੈਨੇਡਾ ਸਰਕਾਰ ਨੇ *ਡਾਇਵੋਰਸ ਐਕਟ* ਵਿਚ ਤਬਦੀਲੀਆਂ ਕੀਤੀਆਂ। ਮਾਂ-ਪਿਓ ਅਤੇ ਹੋਰਾਂ ਲਈ, ਜਿਹੜੇ ਮਾਂ-ਪਿਓ ਦੇ ਫਰਜ਼ ਨਿਭਾ ਰਹੇ ਹੁੰਦੇ ਹਨ ਜਾਂ ਜਿਨ੍ਹਾਂ ਕੋਲ ਫੈਸਲੇ ਲੈਣ ਦੀ ਜ਼ਿੰਮੇਵਾਰੀ ਹੁੰਦੀ ਹੈ, ਜਾਂ ਜਿਹੜੇ *ਡਾਇਵੋਰਸ ਐਕਟ* ਤਹਿਤ ਅਦਾਲਤੀ ਮਾਮਲਿਆਂ ਵਿਚ ਪਾਰਟੀ ਹੁੰਦੇ ਹਨ, ਉਨ੍ਹਾਂ ਵਾਸਤੇ ਕੁੱਝ ਤਬਦੀਲੀਆਂ ਨੇ ਕੁੱਝ ਨਵੇਂ ਫਰਜ਼ ਲਾਗੂ ਕੀਤੇ ਹਨ। ਇਨ੍ਹਾਂ ਤਬਦੀਲੀ ਵਿਚ ਲੀਗਲ ਅਡਵਾਇਜ਼ਰਾਂ ਵਾਸਤੇ ਵੀ ਨਵੇਂ ਫਰਜ਼ ਸ਼ਾਮਲ ਹਨ। ਇਹ ਤਬਦੀਲੀਆਂ 1 ਮਾਰਚ ਤੋਂ ਲਾਗੂ ਹੁੰਦੀਆਂ ਹਨ।

ਫੈਮਿਲੀ ਲਾਅ ਦੇ ਸਾਰੇ ਮਾਮਲੇ, ਜਿਨ੍ਹਾਂ ਵਿਚ ਬੱਚੇ ਸ਼ਾਮਲ ਹੋਣ, ਬੱਚੇ ਦੇ ਸਰਵੋਤਮ ਹਿੱਤਾਂ ਲਈ ਕੰਮ ਕਰਨਾ ਸਭ ਤੋਂ ਵੱਡੀ ਪ੍ਰਾਥਮਿਕਤਾ ਹੁੰਦੀ ਹੈ।
ਨਵੇਂ *ਡਾਇਵੋਰਸ ਐਕਟ* ਵਿਚ ਮਾਂ-ਪਿਓ ਅਤੇ ਹੋਰਾਂ ਵਾਸਤੇ ਕੁੱਝ ਫਰਜ਼ ਤੈਅ ਕੀਤੇ ਗਏ ਹਨ, ਤਾਂ ਜੋ ਉਨ੍ਹਾਂ ਦੀ ਬੱਚੇ ਦੇ ਸਰਵੋਤਮ ਹਿੱਤਾਂ ਲਈ ਕੰਮ ਕਰ ਸਕਣ ਵਿਚ ਮਦਦ ਕੀਤੀ ਜਾ ਸਕੇ, ਇਸ ਵਿਚ ਉਹ ਮਾਮਲੇ ਵੀ ਸ਼ਾਮਲ ਹਨ, ਜਿੱਥੇ ਅਦਾਲਤਾਂ ਸ਼ਾਮਲ ਹੋਣ।
*ਡਾਇਵੋਰਸ ਐਕਟ* ਦੀਆਂ ਤਬਦੀਲੀਆਂ ਵਿਚ ਲੀਗਲ ਅਡਵਾਈਜ਼ਰਾਂ ਲਈ ਨਵੇਂ ਫਰਜ਼ ਵੀ ਸ਼ਾਮਲ ਹਨ ਤਾਂ ਜੋ ਉਹ ਮਾਂ-ਪਿਓ ਅਤੇ ਹੋਰਾਂ ਦੀ ਐਕਟ ਤਹਿਤ ਲਾਗੂ ਫਰਜ਼ ਨਿਭਾਉਣ ਵਿਚ ਮਦਦ ਕਰ ਸਕਣ।
ਇਹ ਦਸਤਾਵੇਜ਼ ਨਿਮਨਲਿਖਤ ਕਰੇਗਾ:

- ਤੁਹਾਨੂੰ ਹਰ ਫਰਜ਼ ਬਾਰੇ ਜਾਣਕਾਰੀ ਦੇਵੇਗਾ, ਅਤੇ
- ਤੁਹਾਨੂੰ ਇਹ ਸਮਝਣ ਵਿਚ ਮਦਦ ਕਰੇਗਾ ਕਿ ਤੁਸੀਂ ਆਪਣੇ ਕਨੂੰਨੀ ਫਰਜ਼ ਬੇਹਤਰੀਨ ਤਰੀਕੇ ਨਾਲ ਕਿਵੇਂ ਨਿਭਾ ਸਕਦੇ ਹੋ।

**ਇਸ ਸਫੇ ਤੇ ਹੈ**

- **ਬੱਚੇ ਦੇ ਬੇਹਤਰੀਨ ਹਿੱਤਾਂ ਲਈ ਕੰਮ ਕਰਨਾ**
- **ਬੱਚਿਆਂ ਦੀ ਟਕਰਾਅ ਤੋਂ ਰਾਖੀ ਕਰਨਾ**
- **ਪਰਿਵਾਰ ਝਗੜਿਆਂ ਦੇ ਨਬੇੜੇ ਦੀ ਪ੍ਰਕਿਰਿਆ ਦੀ ਵਰਤੋਂ ਕਰਨਾ**
- **ਮੁਕੰਮਲ, ਸਹੀ ਅਤੇ ਅੱਪ-ਟੂ-ਡੇਟ ਜਾਣਕਾਰੀ ਪ੍ਰਦਾਨ ਕਰਨਾ**
- **ਆਦੇਸ਼ਾਂ ਦੀ ਪਾਲਣਾ**
- **ਸਰਟੀਫਿਕੇਸ਼ਨ**
- **ਲੀਗਲ ਅਡਵਾਇਜ਼ਰਾਂ ਦੇ ਫਰਜ਼**

- **ਜੇ ਤੁਹਾਡੇ ਕੋਲ ਨਵੇਂ *ਡਾਇਵੋਰਸ ਐਕਟ* ਅਧੀਨ ਕੌਂਟੈਕਟ ਔਰਡਰ ਹੈ ਤਾਂ ਇਹ ਫਰਜ਼ ਤੁਹਾਡੇ ਤੇ ਵੀ ਲਾਗੂ ਹੁੰਦੇ ਹਨ।**
- **ਜੇ ਤੁਸੀਂ ਸਪਾਊਜ਼ ਨਹੀਂ ਹੋ ਪਰ ਇਕ ਮਾਪੇ ਦੀ ਥਾਂ ਖਲੋਂਦੇ ਹੋ ਜਾਂ ਇਕ ਮਾਪੇ ਦੀ ਦੀ ਥਾਂ ਖਲੋਣ ਦਾ ਇਰਾਦਾ ਰੱਖਦੇ ਹੋ, ਇਹ ਫਰਜ਼ ਤੁਹਾਡੇ ਤੇ ਵੀ ਲਾਗੂ ਹੁੰਦੇ ਹਨ।**

*ਡਾਇਵੋਰਸ ਐਕਟ* ਅਧੀਨ ਧਿਰਾਂ ਲਈ ਇਹ ਪੰਜ ਫਰਜ਼ ਹਨ।

## 1) ਬੱਚੇ ਦੇ ਬੇਹਤਰੀਨ ਹਿੱਤਾਂ ਲਈ ਕੰਮ ਕਰਨਾ

ਬੱਚੇ ਦੇ ਬੇਹਤਰੀਨ ਹਿੱਤਾਂ ਲਈ ਫੈਸਲੇ ਲੈਣੇ ਬਹੁਤ ਅਹਿਮ ਹਨ। ਬੱਚੇ ਦੇ ਬੇਹਤਰੀਨ ਹਿੱਤ ਅਜਿਹਾ ਟੈਸਟ ਹੈ, ਜਿਸ ਦੀ ਵਰਤੋਂ ਅਦਾਲਤਾਂ ਬੱਚਿਆਂ ਦੇ ਕੇਸਾਂ ਬਾਰੇ ਫੈਸਲੇ ਲੈਣ ਸਮੇਂ ਕਰਦੀਆਂ ਹਨ, ਅਤੇ ਨਵੇਂ *ਡਾਇਵੋਰਸ ਐਕਟ* ਅਧੀਨ ਹੁਣ ਇਹ ਮੁਖ ਫਰਜ਼ ਹੈ।

ਨਵੇਂ *ਡਾਇਵੋਰਸ ਐਕਟ* ਅਧੀਨ, ਜੇ ਤੁਸੀਂ ਮਾਪਿਆਂ ਦੇ ਫਰਜ਼ ਨਿਭਾ ਰਹੇ ਹੋ; ਫੈਸਲੇ ਲੈਣ ਦੀ ਜ਼ਿੰਮੇਵਾਰੀ ਨਿਭਾ ਰਹੇ ਹੋ ਜਾਂ ਬੱਚੇ ਦੇ ਸੰਪਰਕ ਵਿਚ ਹੋ, ਤੁਹਾਨੂੰ ਬੱਚਿਆਂ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਲਾਜ਼ਮੀ ਤੌਰ ਤੇ ਬੱਚੇ ਦੇ ਬੇਹਤਰੀਨ ਹਿੱਤਾਂ ਲਈ ਕੰਮ ਕਰਨਾ ਚਾਹੀਦਾ ਹੈ।
ਨਵੇਂ *ਡਾਇਵੋਰਸ ਐਕਟ* ਵਿਚ ਕੁੱਝ ਖਾਸ ਪਹਿਲੂਆਂ ਦੀ ਸੂਚੀ ਹੈ, ਜਿਹੜੀ ਕਿਸੇ ਖਾਸ ਸਥਿਤੀ ਵਿਚ ਤੁਹਾਡੇ ਬੱਚੇ ਦੇ ਬੇਹਤਰੀਨ ਹਿੱਤਾਂ ਨੂੰ ਤੈਅ ਕਰਨ ਵਿਚ ਤੁਹਾਡੀ ਅਤੇ ਅਦਾਲਤਾਂ ਦੀ ਮਦਦ ਕਰਦੀ ਹੈ। ਇਨ੍ਹਾਂ ਪਹਿਲੂਆਂ ਵਿਚ ਸ਼ਾਮਲ ਹਨ, ਬੱਚੇ ਦੀਆਂ-

- ਉਮਰ ਅਤੇ ਵਿਕਾਸ ਦੀ ਅਵਸਥਾ ਮੁਤਾਬਕ ਲੋੜਾਂ, ਜਿਵੇਂ ਕਿ ਸਥਿਰਤਾ ਲਈ ਉਨ੍ਹਾਂ ਦੀਆਂ ਲੋੜਾਂ
- ਦੋਵੇਂ ਮਾਪਿਆਂ ਨਾਲ ਰਿਸ਼ਤਾ
- ਭੈਣਾਂ-ਭਰਾਵਾਂ, ਦਾਦਾ-ਦਾਦੀ/ਨਾਨਾ-ਨਾਨੀ ਅਤੇ ਉਨ੍ਹਾਂ ਦੀ ਜ਼ਿੰਦਗੀ ਦੇ ਹੋਰ ਅਹਿਮ ਲੋਕਾਂ ਨਾਲ ਸੰਬੰਧ
- ਅਲਹਿਦਗੀ ਤੋਂ ਪਹਿਲਾਂ ਸੰਭਾਲ ਦੇ ਪ੍ਰਬੰਧ ਅਤੇ ਬੱਚੇ ਪਰਵਰਿਸ਼ ਲਈ ਭਵਿੱਖ ਦੀਆਂ ਯੋਜਨਾਵਾਂ
- ਵਿਚਾਰ ਅਤੇ ਪਸੰਦਾਂ
- ਸਭਿਆਚਾਰਕ, ਭਾਸ਼ਾਈ, ਧਾਰਮਿਕ ਅਤੇ ਰੂਹਾਨੀ ਪਾਲਣ-ਪੋਸ਼ਣ ਅਤੇ ਵਿਰਾਸਤ, ਜਿਸ ਵਿਚ ਇੰਡਿਜਨਸ ਪਾਲਣ-ਪੋਸ਼ਣ ਅਤੇ ਵਿਰਾਸਤ ਵੀ ਸ਼ਾਮਲ ਹੈ

ਹੋਰ ਪਹਿਲੂਆਂ ਵਿਚ ਹਰ ਮਾਪੇ ਦੀ ਉਪਰੋਕਤ ਲਈ ਸਮਰਥਾ ਅਤੇ ਇੱਛਾ ਸ਼ਾਮਲ ਹੈ:

- ਬੱਚੇ ਦੀ ਸੰਭਾਲ
- ਦੂਜੇ ਮਾਪੇ ਲਈ ਬੱਚੇ ਦੇ ਸੰਬੰਧਾਂ ਦੀ ਹਿਮਾਇਤ
- ਪਰਵਰਿਸ਼ ਦੇ ਮੁੱਦਿਆਂ ਬਾਰੇ ਸਹਿਯੋਗ ਅਤੇ ਗੱਲਬਾਤ

ਹੋਰ ਪਹਿਲੂ ਵੀ ਹਨ, ਜਿਹੜੇ ਬੱਚੇ ਦੀ ਸੁਰੱਖਿਆ ਤੇ ਅਸਰ ਪਾ ਸਕਦੇ ਹਨ, ਜਿਵੇਂ ਕਿ

- ਕੋਈ ਵੀ ਪਰਿਵਾਰਕ ਹਿੰਸਾ ਅਤੇ ਇਸਦਾ ਅਸਰ -
    - ਉਸ ਹਿੰਸਕ ਵਰਤਾਓ ਵਿਚ ਸ਼ਾਮਲ ਕਿਸੇ ਵਿਅਕਤੀ ਦੀ ਬੱਚੇ ਦੀ ਸੰਭਾਲ ਅਤੇ ਉਸਦੀਆਂ ਲੋੜਾਂ ਦੀ ਪੂਰਤੀ ਲਈ ਸਮਰਥਾ ਅਤੇ ਇੱਛਾ ਅਤੇ
    - ਅਜਿਹਾ ਔਰਡਰ ਜਾਰੀ ਕਰਨ ਦੀ ਵਾਜਬੀਅਤ ਜਿਹੜਾ ਬੱਚੇ ਨਾਲ ਸੰਬੰਧਤ ਮੁੱਦਿਆਂ ਤੇ ਲੋਕਾਂ ਨੂੰ ਸਹਿਯੋਗ ਕਰਨ ਲਈ ਕਹੇ
- ਕੋਈ ਅਜਿਹਾ ਮੌਜੂਦਾ ਸਿਵਿਲ ਜਾਂ ਕ੍ਰਿਮੀਨਲ ਕੇਸ, ਆਦੇਸ਼, ਬੰਦਸ਼, ਜਾਂ ਕਦਮ ਜਿਸਦਾ ਬੱਚੇ ਦੀ ਸੇਫਟੀ, ਸੁਰੱਖਿਆ ਅਤੇ ਤੰਦਰੁਸਤੀ ਨਾਲ ਸੰਬੰਧ ਹੋਵੇ

ਬੱਚੇ ਬਾਰੇ ਫੈਸਲੇ ਕਰਦੇ ਹੋਏ ਇਨ੍ਹਾਂ ਪਹਿਲੂਆਂ ਤੇ ਵਿਚਾਰ ਕਰੋ। ਮਿਸਾਲ ਦੇ ਤੌਰ ਤੇ, ਜੇ ਤੁਸੀਂ ਨਵਾਂ ਸਕੂਲ ਚੁਣ ਰਹੇ ਹੋ, ਤਾਂ ਤੁਸੀਂ ਅਤੇ ਦੂਜਾ ਮਾਪਾ ਆਪਣਾ ਫੈਸਲਾ ਇਸ ਗੱਲ ਦੇ ਅਧਾਰ ਤੇ ਬਣਾਵੇ ਕਿ ਬੱਚੇ ਲਈ ਸਭ ਤੋਂ ਵਧੀਆ ਕੀ ਹੈ। ਜੇ ਤੁਸੀਂ ਅਤੇ ਦੂਜਾ ਮਾਪਾ ਸਹਿਮਤ ਨਾ ਹੋ ਸਕੇ ਤਾਂ ਜੱਜ ਵੀ ਫੈਸਲਾ ਕਰਨ ਵੇਲੇ ਇਨ੍ਹਾਂ ਹੀ ਪਹਿਲੂਆਂ ਤੇ ਵਿਚਾਰ ਕਰੇਗਾ।

ਬੇਹਤਰੀਨ ਹਿੱਤਾਂ ਵਾਲੇ ਪਹਿਲੂਆਂ ਬਾਰੇ ਹੋਰ ਜਾਣਕਾਰੀ ਇਥੇ ਉਪਲਬਧ ਹੈ।

## • ਬੱਚਿਆਂ ਨੂੰ ਝਗੜੇ ਤੋਂ ਬਚਾਉਣਾ

ਤੁਸੀਂ ਆਪਣੇ ਬੱਚਿਆਂ ਲਈ ਜੋ ਸਭ ਤੋਂ ਅਹਿਮ ਚੀਜ਼ਾਂ ਕਰ ਸਕਦੇ ਹੋ, ਉਨ੍ਹਾਂ ਵਿਚੋਂ ਇਕ ਇਹ ਹੈ ਕਿ ਉਨ੍ਹਾਂ ਨੂੰ ਤੁਹਾਡੇ ਅਤੇ ਦੂਜੇ ਮਾਪੇ ਵਿਚਕਾਰ ਹੁੰਦੀ ਲੜਾਈ ਨੂੰ ਸੁਣਨ ਜਾਂ ਦੇਖਣ ਤੋਂ ਬਚਾਉਣਾ।

ਨਵੇਂ *ਡਾਇਵੋਰਸ ਐਕਟ* ਵਿਚ ਤੁਹਾਡੇ ਲਈ ਇਕ ਵਿਸ਼ੇਸ਼ ਫਰਜ਼ ਇਹ ਲਗਾਇਆ ਗਿਆ ਹੈ ਕਿ ਤੁਸੀਂ ਆਪਣੇ ਬੱਚਿਆਂ ਨੂੰ ਉਸ ਝਗੜੇ ਤੋਂ ਬਚਾਉਣ ਲਈ ਆਪਣੀ ਪੂਰੀ ਵਾਹ ਲਾਓ, ਜਿਹੜਾ ਅਲਹਿਦਗੀ ਜਾਂ ਤਲਾਕ ਦੇ ਨਤੀਜੇ ਵਜੋਂ ਪੈਦਾ ਹੋ ਸਕਦਾ ਹੈ।

ਇਹ ਫਰਜ਼ ਨਿਭਾਉਣ ਵਿਚ ਤੁਹਾਡੀ ਮਦਦ ਕਰਨ ਲਈ ਮਨ ਵਿਚ ਰੱਖਣ ਵਾਲੀਆਂ ਇਹ ਕੁੱਝ ਗੱਲਾਂ ਹਨ:

- ਜਦੋਂ ਬੱਚੇ ਸੁਣ ਸਕਦੇ ਹੋਣ ਤਾਂ ਆਪਣੇ ਕੋਰਟ ਕੇਸ ਦੇ ਵੇਰਵਿਆਂ ਬਾਰੇ ਬਹਿਸ ਜਾਂ ਗੱਲਬਾਤ ਕਰਨ ਤੋਂ ਬਚਣ ਦੀ ਕੋਸ਼ਿਸ਼ ਕਰੋ। ਜਾਂ ਤਾਂ ਉਨ੍ਹਾਂ ਦੇ ਘਰ ਤੋਂ ਜਾਣ ਤੋਂ ਬਾਦ ਕਰੋ ਜਾਂ ਅਜਿਹੀ ਥਾਂ ਤੇ ਜਾਓ, ਜਿੱਥੇ ਉਹ ਸੁਣ ਨਹੀਂ ਸਕਦੇ
- ਬੱਚਿਆਂ ਦੇ ਸਾਹਮਣੇ ਦੂਜੇ ਮਾਪੇ ਦੀ ਅਲੋਚਨਾ ਕਰਨ ਜਾਂ ਉਸ ਬਾਰੇ ਸ਼ਿਕਾਇਤ ਕਰਨ ਤੋਂ ਬਚੋ
- ਬੱਚਿਆਂ ਨੂੰ ਇਸ ਤਰਾਂ ਮਹਿਸੂਸ ਕਰਵਾਉਣ ਤੋਂ ਬਚੋ ਕਿ ਉਨ੍ਹਾਂ ਨੂੰ ਦੂਜੇ ਮਾਪੇ ਦੇ ਵਿਰੁੱਧ 'ਪੱਖ ਲੈਣਾ" ਪਵੇਗਾ

ਕੋਈ ਵਕੀਲ, ਮੀਡੀਏਟਰ ਜਾਂ ਹੋਰ ਫੈਮਿਲੀ ਲਾਅ ਪ੍ਰੋਫੈਸ਼ਨਲ ਤੁਹਾਨੂੰ ਅਜਿਹੀਆਂ ਰਣਨੀਤੀਆਂ ਬਣਾਉਣ ਵਿਚ ਮਦਦ ਕਰ ਸਕਦਾ ਹੈ, ਜਿਸ ਨਾਲ ਬੱਚਿਆਂ ਨੂੰ ਝਗੜੇ ਤੋਂ ਬਚਾਇਆ ਜਾ ਸਕਦਾ ਹੈ।

## 2) **ਪਰਿਵਾਰਕ ਝਗੜਾ ਨਿਪਟਾਰਾ ਪ੍ਰਕਿਰਿਆ ਦੀ ਵਰਤੋਂ**

*ਡਾਇਵੋਰਸ ਐਕਟ* ਵਿਚ 'ਪਰਿਵਾਰਕ ਝਗੜਾ ਨਿਪਟਾਰਾ"(family dispute resolution) ਇਕ ਨਵੀਂ ਟਰਮ ਹੈ। ਇਹ ਕੋਰਟ ਤੋਂ ਬਾਹਰੀ ਪ੍ਰਕਿਰਿਆ ਹੈ, ਜਿਸ ਦੀ ਵਰਤੋਂ ਬੱਚਿਆਂ ਦੀ ਪਰਵਰਿਸ਼ (parenting), ਪਰਿਵਾਰਕ ਸਹਾਇਤਾ ਅਤੇ ਕੁੱਝ ਪਰਿਵਾਰਾਂ ਵਿਚ ਜਾਇਦਾਦ ਨਾਲ ਸੰਬੰਧਤ ਮੁੱਦਿਆਂ ਦੇ ਨਿਪਟਾਰੇ ਲਈ ਕੀਤੀ ਜਾ ਸਕਦੀ ਹੈ। ਪਰਿਵਾਰਕ ਝਗੜਾ ਨਿਪਟਾਰਾ ਪ੍ਰਕਿਰਿਆ ਦੀਆਂ ਮਿਸਾਲਾਂ ਵਿਚ ਗੱਲਬਾਤ, ਕੋਲੈਬੋਰੇਟਿਵ ਲਾਅ(collaborative law), ਵਿਚੋਲਗੀ ਅਤੇ ਸਾਲਸੀ(mediation and arbitration) ਸ਼ਾਮਲ ਹਨ।
ਨਵੇਂ *ਡਾਇਵੋਰਸ ਐਕਟ* ਅਧੀਨ, ਤੁਹਾਨੂੰ ਚਾਹੀਦਾ ਹੈ ਕਿ ਕਿ ਆਪਣੇ ਪਰਿਵਾਰ ਮਸਲੇ ਦੇ ਹੱਲ ਲਈ ਪਰਿਵਾਰਕ ਝਗੜਾ ਨਿਪਟਾਰਾ ਪ੍ਰਕਿਰਿਆ ਦੀ ਵਰਤੋਂ ਕਰੋ, ਪਰ ਸਿਰਫ ਤਾਂ ਜੇ ਇਹ ਉਚਿਤ ਹੋਵੇ। ਮਿਸਾਲ ਦੇ ਤੌਰ ਤੇ ਪਰਿਵਾਰਕ ਝਗੜਾ ਨਿਪਟਾਰਾ ਪ੍ਰਕਿਰਿਆ ਸ਼ਾਇਦ ਉਚਿਤ ਨਹੀਂ ਹੋਵੇਗੀ, ਜੇ ਤੁਸੀਂ ਪਰਿਵਾਰਕ ਹਿੰਸਾ ਦਾ ਸਾਹਮਣਾ ਕੀਤਾ ਹੈ ਅਤੇ ਸੁਰੱਖਿਆ ਦੇ ਮੁੱਦੇ ਅਜੇ ਚੱਲ ਰਹੇ ਹੋਣ, ਜਾਂ ਤੁਹਾਡੇ ਅਤੇ ਦੂਜੇ ਵਿਅਕਤੀ ਵਿਚਕਾਰ ਤਾਕਤ ਦਾ ਵੱਡਾ ਅਸਾਵਾਂਪਣ ਹੈ।

ਪਰਿਵਾਰਕ ਝਗੜਾ ਨਿਪਟਾਰਾ ਪ੍ਰਕਿਰਿਆ ਦੀ ਵਰਤੋਂ ਕਰਨ ਦੇ ਜੱਜ ਦੁਆਰਾ ਤੁਹਾਡੇ ਲਈ ਫੈਸਲਾ ਕਰਨ ਦੇ ਮੁਕਾਬਲੇ ਕਈ ਫਾਇਦੇ ਵੀ ਹਨ:

- ਤੁਹਾਨੂੰ ਪਤਾ ਹੈ ਕਿ ਤੁਹਾਡੇ ਬੱਚੇ ਦੀ ਕੀ ਲੋੜ ਹੈ। ਇਹ ਗੱਲ ਕਿਸੇ ਜੱਜ ਨੂੰ ਦੱਸਣੀ ਮੁਸ਼ਕਲ ਹੋਵੇਗੀ, ਜਿਹੜਾ ਕਿ ਕੋਰਟ ਦੀ ਪ੍ਰਕਿਰਿਆ ਦੌਰਾਨ ਤੁਹਾਡੇ ਪਰਿਵਾਰ ਦੀ ਸਿਰਫ ਇਕ ਝਾਕੀ ਹੀ ਦੇਖਦਾ ਹੈ।
- ਪਰਿਵਾਰਕ ਝਗੜਾ ਨਿਪਟਾਰਾ ਪ੍ਰਕਿਰਿਆ ਅਦਾਲਤ ਜਾਣ ਦੀ ਬਜਾਏ ਕਾਫੀ ਘੱਟ ਖਰਚੀਲੀ ਅਤੇ ਤੇਜ਼ ਪ੍ਰਕਿਰਿਆ ਹੋ ਸਕਦੀ ਹੈ
- ਮਾਪਿਆਂ ਨੂੰ ਆਪਸ ਵਿਚ ਸਹਿਯੋਗ ਕਰਦੇ ਹੋਏ ਦੇਖਣਾ ਬੱਚਿਆਂ ਲਈ ਵੀ ਚੰਗਾ ਹੋਵੇਗਾ
- ਕਈ ਪਰਿਵਾਰਕ ਝਗੜਾ ਨਿਪਟਾਰਾ ਪ੍ਰਕਿਰਿਆਵਾਂ ਤੁਹਾਡੀ ਇਕ ਦੂਜੇ ਨਾਲ ਗੱਲਬਾਤ ਕਰਨ ਦੀ ਸਮਰਥਾ ਨੂੰ ਸੁਧਾਰ ਸਕਦੀਆਂ ਹਨ

ਕੋਈ ਵਕੀਲ, ਮੀਡੀਏਟਰ ਜਾਂ ਹੋਰ ਫੈਮਿਲੀ ਲਾਅ ਪ੍ਰਫੈਸ਼ਨਲ ਤੁਹਾਡੀ ਇਹ ਫੈਸਲਾ ਕਰਨ ਵਿਚ ਮਦਦ ਕਰ ਸਕਦਾ ਹੈ ਕਿ ਤੁਹਾਡੇ ਲਈ ਕਿਹੜੀਆਂ ਪਰਿਵਾਰਕ ਝਗੜਾ ਨਿਪਟਾਰਾ ਪ੍ਰਕਿਰਿਆਵਾਂ ਸਭ ਤੋਂ ਵਧੀਆ ਹਨ।

ਇਹ ਦੇਖਣ ਲਈ ਕਿ ਤੁਹਾਡੇ ਖੇਤਰ ਵਿਚ ਕੋਈ ਸਰਕਾਰ-ਅਧਾਰਤ ਪਰਿਵਾਰਕ ਝਗੜਾ ਨਿਪਟਾਰਾ ਪ੍ਰਕਿਆ ਹੈ, ਤੁਸੀਂ ਡਿਪਾਰਟਮੈਂਟ ਔਫ ਜਸਟਿਸ ਕੈਨੇਡਾ ਦੀ ਵੈਬਸਾਈਟ ਦੀ ਸਰਚ ਇਥੇ ਕਰ ਸਕਦੇ ਹੋ।

ਅਜਿਹੇ ਕਈ ਤਰੀਕੇ ਹਨ, ਜਿਨ੍ਹਾਂ ਰਾਹੀਂ ਲੋਕ ਅਲਹਿਦਗੀ ਜਾਂ ਤਲਾਕ ਨਾਲ ਸੰਬੰਧਤ ਮੁੱਦਿਆਂ ਬਾਰੇ ਫੈਸਲੇ ਲੈ ਸਕਦੇ ਹਨ। ਤੁਸੀਂ ਇਸ ਗੱਲ ਦਾ ਫੈਸਲਾ ਕਰਨਾ ਹੈ ਕਿ ਤੁਹਾਡੇ ਅਤੇ ਤੁਹਾਡੇ ਪਰਿਵਾਰ ਵਾਸਤੇ ਕਿਹੜਾ ਤਰੀਕਾ ਸਭ ਤੋਂ ਵਧੀਆ ਕੰਮ

ਕਰੇਗਾ। ਭਾਵੇਂ ਕਿਸੇ ਵੀ ਪ੍ਰਕਿਰਿਆ ਦੀ ਵਰਤੋਂ ਕਰੋ, ਸਭ ਤੋਂ ਅਹਿਮ ਗੱਲ ਇਹ ਹੈ ਕਿ ਧਿਆਨ ਬੱਚਿਆਂ ਦੇ ਬੇਹਤਰੀਨ ਹਿੱਤਾਂ ਤੇ ਹੋਣਾ ਚਾਹੀਦਾ ਹੈ। ਇਸ ਫੈਕਟ ਸ਼ੀਟ ਨੂੰ ਚੈੱਕ ਕਰੋ: ਪਰਿਵਾਰਕ ਝਗੜਾ ਨਿਪਟਾਰਾ: ਅਦਾਲਤ ਤੋਂ ਬਾਹਰ ਫੈਮਿਲੀ ਲਾਅ ਮੁੱਦਿਆਂ ਨੂੰ ਨਿਪਟਾਉਣਾ

## 4) ਮੁਕੰਮਲ, ਸਹੀ ਅਤੇ ਅੱਪ-ਟੂ-ਡੇਟ ਸੂਚਨਾ ਪ੍ਰਦਾਨ ਕਰਨਾ

ਨਵਾਂ *ਡਾਇਵੋਰਸ ਐਕਟ* ਕਹਿੰਦਾ ਹੈ ਕਿ ਧਿਰਾਂ ਦਾ ਇਹ ਫਰਜ਼ ਹੈ ਕਿ *ਡਾਇਵੋਰਸ ਐਕਟ* ਅਤੇ ਇਸਦੇ ਕਨੂੰਨਾਂ ਅਧੀਨ ਲੋੜੀਂਦੀ ਸਾਰੀ ਇਨਫਰਮੇਸ਼ਨ ਪ੍ਰਦਾਨ ਕਰਨ। ਇਸ ਦਾ ਮਕਸਦ ਹੈ ਕਿ ਮਾਪੇ ਸਮਝੌਤੇ ਕਰਨ ਸਕਣ ਅਤੇ ਅਦਾਲਤਾਂ ਦਰੁਸਤ ਸੂਚਨਾ ਦੇ ਅਧਾਰ ਤੇ ਆਪਣੇ ਫੈਸਲੇ ਕਰ ਸਕਣ।

ਮਿਸਾਲ ਦੇ ਤੌਰ ਤੇ ਫੈਡਰਲ ਚਾਈਲਡ ਸਪੋਰਟ ਗਾਈਡਲਾਈਨਜ਼ (*ਡਾਇਵਰਸ ਐਕਟ* ਅਧੀਨ ਰੈਗੂਲੇਸ਼ਨਾਂ) ਅਧੀਨ ਅਦਾਲਤਾਂ ਨੂੰ ਸਹੀ ਚਾਈਲਡ ਸਪੋਰਟ ਰਕਮ ਨਿਰਧਾਰਤ ਕਰਨ ਵਿਚ ਮਦਦ ਕਰਨ ਵਾਸਤੇ ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਆਮਦਨ ਬਾਰੇ ਮੁਕੰਮਲ, ਦਰੁਸਤ ਅਤੇ ਅੱਪ-ਟੂ-ਡੇਟ ਜਾਣਕਾਰੀ ਦੇਵੋ। ਇਸ ਦਾ ਮਤਲਬ ਹੈ ਕਿ ਤੁਹਾਨੂੰ ਨਿਮਨਲਿਖਤ ਪ੍ਰਦਾਨ ਕਰਨ ਦੀ ਲੋੜ ਹੈ:

- ਪਿਛਲੇ ਤਿੰਨ ਸਾਲਾਂ ਦੀਆਂ ਤੁਹਾਡੀਆਂ ਇਨਕਮ ਟੈਕਸ ਰਿਟਰਨਾਂ
- ਕੈਨੇਡਾ ਰੈਵੇਨਿਊ ਏਜੰਸੀ ਵਲੋਂ ਪਿਛਲੇ ਤਿੰਨ ਟੈਕਸ ਸਾਲਾਂ ਦੇ ਨੋਟਿਸ ਔਫ ਅਸੈੱਸਮੈਂਟ ਅਤੇ ਰੀ-ਅਸੈੱਸਮੈਂਟ

ਤੁਹਾਡੀ ਸਥਿਤੀ ਦੇ ਮੁਤਾਬਕ ਤੁਹਾਨੂੰ ਹੋਰ ਜਾਣਕਾਰੀ ਵੀ ਦੇਣੀ ਪੈ ਸਕਦੀ ਹੈ, ਜਿਵੇਂ ਕਿ

- ਤੁਹਾਡੀ ਸਭ ਤੋਂ ਤਾਜ਼ਾ ਕਮਾਈ ਦੀ ਸਟੇਟਮੈਂਟ ਜਾਂ ਪੇ ਸਲਿੱਪ, ਜਾਂ ਤੁਹਾਡੀ ਤਨਖਾਹ ਜਾਂ ਉਜਰਤਾਂ ਬਾਰੇ ਇੰਪਲਾਇਰ ਵਲੋਂ ਲੈਟਰ
- ਜੇ ਤੁਸੀਂ ਸੈਲਫ-ਇੰਪਲਾਇਡ ਹੋ, ਜਾਂ ਤੁਸੀਂ ਕਿਸੇ ਕੌਰਪੋਰੇਸ਼ਨ ਦੇ ਸੰਚਾਲਕ ਹੋ ਤਾਂ ਤੁਹਾਡੀ ਕੌਰਪੋਰੇਸ਼ਨ ਦੀ ਵਿੱਤੀ ਸਟੇਟਮੈਂਟ
- ਇੰਪਲਾਇਮੈਂਟ ਇੰਸ਼ੋਰੰਸ ਤੋਂ ਪ੍ਰਾਪਤ ਆਮਦਨ ਬਾਰੇ ਜਾਣਕਾਰੀ

ਚਾਈਲਡ ਸਪੋਰਟ ਮਕਸਦਾਂ ਵਾਸਤੇ ਮੁਕੰਮਲ, ਸਹੀ ਅਤੇ ਅੱਪ-ਟੂ-ਡੇਟ ਆਮਦਨ ਜਾਣਕਾਰੀ ਕਿਵੇਂ ਪ੍ਰਦਾਨ ਕਰਨੀ ਹੈ, ਉਸ ਬਾਰੇ ਹੋਰ ਜਾਣਕਾਰੀ ਇਥੇ ਉਪਲਬਧ ਹੈ।

### ਵੱਖ ਵੱਖ ਅਦਾਲਤਾਂ ਵਿਚ ਪਰਿਵਾਰਾਂ ਦੀ ਸ਼ਮੂਲੀਅਤ

ਪਰਿਵਾਰ ਕਈ ਵਾਰ ਇਕੋ ਵੇਲੇ ਵੱਖ ਵੱਖ ਅਦਾਲਤਾਂ ਵਿਚ ਸ਼ਾਮਲ ਹੋ ਜਾਂਦੇ ਹਨ। ਇਹ ਪਰਿਵਾਰਕ ਹਿੰਸਾ ਦੇ ਮਾਮਲੇ ਵਿਚ ਖਾਸ ਤੌਰ ਤੇ ਹੋ ਸਕਦਾ ਹੈ, ਜਦੋਂ ਕ੍ਰਿਮੀਨਲ ਜਸਟਿਸ ਸਿਸਟਮ, ਚਾਈਲਡ ਪ੍ਰੋਟੈਕਸ਼ਨ ਸਿਸਟਮ, ਅਤੇ ਫੈਮਿਲੀ ਜਸਟਿਸ ਸਿਸਟਮ ਸਾਰੇ ਇਕੋ ਵੇਲੇ ਸ਼ਾਮਲ ਹੋ ਸਕਦੇ ਹਨ।

ਇਹ ਹਾਲਤ ਕਾਫੀ ਚੁਣੌਤੀਪੂਰਨ ਹੋ ਸਕਦੀ ਹੈ। ਮਿਸਾਲ ਦੇ ਤੌਰ ਤੇ, ਜੇ ਇਕ ਫੈਮਿਲੀ ਕੋਰਟ ਨੂੰ ਨਹੀਂ ਪਤਾ ਕਿ ਇਕ ਕ੍ਰਿਮੀਨਲ ਔਰਡਰ ਇਹ ਕਹਿ ਰਿਹਾ ਹੈ ਕਿ ਮਾਪਿਆਂ ਵਿਚਕਾਰ ਕੋਈ ਸੰਪਰਕ ਨਹੀਂ ਹੋ ਸਕਦਾ ਤਾਂ ਜੱਜ ਬੱਚਿਆਂ ਦੀ ਪਰਵਰਿਸ਼ ਬਾਰੇ ਟਕਰਾਵੇਂ ਔਰਡਰ ਜਾਰੀ ਕਰ ਸਕਦਾ ਹੈ। ਇਸ ਨਾਲ ਅਜਿਹੇ ਦੋਵੇਂ ਔਰਡਰਜ਼ ਨੂੰ ਮੰਨਣਾ ਮੁਸ਼ਕਲ ਜਾਂ ਅਸੰਭਵ ਬਣ ਸਕਦਾ ਹੈ ਅਤੇ ਸੁਰੱਖਿਆ ਲਈ ਖਤਰੇ ਪੈਦਾ ਹੋ ਸਕਦੇ ਹਨ।

ਇਸ ਨਾਲ ਨਿਪਟਣ ਵਿਚ ਮਦਦ ਕਰਨ ਲਈ ਨਵਾਂ *ਡਾਇਵੋਰਸ ਐਕਟ* ਕਹਿੰਦਾ ਹੈ ਕਿ ਜੱਜਾਂ ਨੂੰ ਇਹ ਗੱਲ ਧਿਆਨ ਵਿਚ ਰੱਖਣੀ ਹੋਵੇਗੀ ਕਿ ਕੀ ਤਲਾਕ ਲੈ ਰਹੇ ਜੋੜੇ ਲਈ ਕੋਈ ਚਲੰਤ ਜਾਂ ਪੈਂਡਿੰਗ ਸਿਵਿਲ ਪ੍ਰਟੈਕਸ਼ਨ, ਚਾਈਲਡ ਪ੍ਰਟੈਕਸ਼ਨ, ਜਾਂ ਕ੍ਰਿਮੀਨਲ ਮਾਮਲਾ ਜਾਂ ਆਦੇਸ਼ ਹੈ ਜਾਂ ਨਹੀਂ।

ਜੇ ਤੁਸੀਂ ਤਲਾਕਸ਼ੁਦਾ ਹੋ ਜਾਂ ਤਲਾਕ ਲੈ ਰਹੇ ਹੋ ਅਤੇ ਬੱਚਿਆਂ ਦੀ ਪਰਵਰਿਸ਼, ਚਾਈਲਡ ਸਪੋਰਟ ਜਾਂ ਸਪਾਊਜ਼ ਸਪੋਰਟ ਲਈ ਕੋਰਟ ਔਰਡਰ ਵਾਸਤੇ ਮੰਗ ਕਰ ਰਹੇ ਹੋ, ਤਾਂ ਤੁਹਾਨੂੰ ਕਿਸੇ ਵੀ ਕ੍ਰਿਮੀਨਲ ਜਾਂ ਚਾਈਲਡ ਪ੍ਰਟੈਕਸ਼ਨ ਕੇਸ ਜਾਂ ਔਰਡਰ ਬਾਰੇ, ਜਿਸ ਵਿਚ ਤੁਸੀਂ ਜਾਂ ਤੁਹਾਡਾ ਸਾਬਕਾ ਜੀਵਨ ਸਾਥੀ ਸ਼ਾਮਲ ਹੈ, ਜਾਂ ਤੁਹਾਡੇ ਵਿਚੋਂ ਕਿਸੇ ਦੇ ਵੀ ਖਿਲਾਫ ਕੋਈ ਬੰਦਿਸ਼ ਜਾਂ ਪ੍ਰਟੈਕਸ਼ਨ ਔਰਡਰ ਹੈ, ਅਦਾਲਤ ਨੂੰ ਦੱਸਣਾ ਪਵੇਗਾ।

| |
|---|
| ਪਰਿਵਾਰਾਂ ਦੁਆਰਾ ਜਸਟਿਸ ਸਿਸਟਮ ਦੇ ਵੱਖ ਵੱਖ ਹਿੱਸਿਆਂ ਵਿਚ ਸ਼ਾਮਲ ਹੋਣ ਸੰਬੰਧੀ ਹੋਰ ਜਾਣਕਾਰੀ ਇਥੇ ਉਪਲਬਧ ਹੈ। |

ਜਦੋਂ ਤੁਹਾਥੋਂ ਮੰਗੀ ਜਾਵੇ ਤਾਂ ਹਰ ਤਰਾਂ ਦੀ ਜ਼ਰੂਰੀ ਜਾਣਕਾਰੀ ਅਦਾਲਤਾਂ ਨੂੰ ਪ੍ਰਦਾਨ ਕਰਨਾ ਤੁਹਾਡਾ ਕਨੂੰਨੀ ਫਰਜ਼ ਹੈ। ਅਦਾਲਤਾਂ ਕੋਲ ਅਜਿਹੇ ਤਰੀਕੇ ਹੁੰਦੇ ਹਨ, ਜਿਸ ਨਾਲ ਉਹ *ਡਾਇਵੋਰਸ ਐਕਟ* ਅਤੇ ਇਸ ਦੇ ਨਿਯਮਾਂ ਅਧੀਨ ਲੋੜੀਂਦੀ ਜਾਣਕਾਰੀ ਦੇਣ ਲਈ ਵਿਅਕਤੀਆਂ ਨੂੰ ਮਜਬੂਰ ਕਰ ਸਕਦੀਆਂ ਹਨ, ਜਿਵੇਂ ਕਿ ਡਿਸਕਲੋਜ਼ਰ ਔਰਡਰ ਜਾਰੀ ਕਰਨੇ, ਪਰ ਇਸ ਨਾਲ ਦੇਰੀ ਹੋ ਸਕਦੀ ਹੈ, ਜਿਹੜੀ ਕਿ ਤੁਹਾਡੇ ਬੱਚੇ ਦੇ ਬੇਹਤਰੀਨ ਹਿੱਤਾਂ ਵਿਚ ਨਹੀਂ ਹੈ।

## 5) ਆਦੇਸ਼ਾਂ ਦੀ ਪਾਲਣਾ

ਨਵਾਂ *ਡਾਇਵੋਰਸ ਐਕਟ* ਧਿਰਾਂ ਨੂੰ ਯਾਦ ਕਰਵਾਉਂਦਾ ਹੈ ਕਿ ਜਦੋਂ ਅਦਾਲਤ ਨੇ ਕੋਈ ਆਦੇਸ਼ ਦੇ ਦਿੱਤਾ ਤਾਂ ਤੁਹਾਨੂੰ ਇਸ ਦੀ ਪਾਲਣਾ ਕਰਨੀ ਹੋਵੇਗੀ।
ਇਹ ਕੋਈ ਨਵਾਂ ਫਰਜ਼ ਨਹੀਂ ਹੈ, ਪਰ ਮਾਪੇ ਕਈ ਵਾਰ ਗਲਤੀ ਨਾਲ ਇਹ ਮੰਨਣ ਲੱਗਦੇ ਹਨ ਕਿ ਉਨ੍ਹਾਂ ਲਈ ਉਨ੍ਹਾਂ ਦੇ ਫੈਮਿਲੀ ਲਾਅ ਔਰਡਰਜ਼ ਮੰਨਣਾ ਜ਼ਰੂਰੀ ਨਹੀਂ।

ਮਿਸਾਲ ਦੇ ਤੌਰ ਤੇ, ਜਦ ਤੱਕ ਔਰਡਰ ਅਮਲ ਵਿਚੋਂ ਨਹੀਂ ਹਟ ਜਾਂਦਾ, ਤੁਹਾਨੂੰ ਉਦੋਂ ਤੱਕ ਚਾਈਲਡ ਸਪੋਰਟ ਦੇਣੀ ਪਵੇਗੀ। ਇਸ ਦਾ ਮਤਲਬ ਹੈ ਕਿ ਜੇ ਔਰਡਰ ਵਿਚ ਇਹ ਨਹੀਂ ਦੱਸਿਆ ਗਿਆ ਕਿ ਤੁਸੀਂ ਚਾਈਲਡ ਸਪੋਰਟ ਦੇਣਾ ਕਦੋਂ ਬੰਦ ਕਰ ਸਕਦੇ ਹੋ, ਤੁਸੀਂ ਉਦੋਂ ਤੱਕ ਚਾਈਲਡ ਸਪੋਰਟ ਦਿੰਦੇ ਰਹਿਣਾ ਹੈ, ਜਦੋਂ ਤੱਕ ਅਦਾਲਤ ਇਸ ਔਰਡਰ ਨੂੰ ਬਦਲਦੀ ਨਹੀਂ।

ਇਸੇ ਤਰਾਂ ਜੇ ਅਦਾਲਤ ਨੇ ਬੱਚਿਆਂ ਦੀ ਪਰਵਰਿਸ਼ ਲਈ ਇਕ ਵਿਸ਼ੇਸ਼ ਸਮਾਂ-ਸਾਰਣੀ (specific parenting schedule) ਦਿੱਤੀ ਹੈ, ਤਾਂ ਤੁਸੀਂ ਆਪਣੇ ਤੌਰ ਤੇ ਹੀ ਬਿਨਾਂ ਕਾਰਨ ਦੂਜੇ ਮਾਪੇ ਨੂੰ ਬਚਿਆਂ ਨਾਲ ਸਮਾਂ ਬਿਤਾਉਣ ਤੋਂ ਰੋਕ ਨਹੀਂ ਸਕਦੇ।

ਜੇ ਤੁਸੀਂ ਔਰਡਰ ਦੀ ਪਾਲਣਾ ਨਹੀਂ ਕਰਦੇ, ਤਾਂ ਇਸਦੇ ਗੰਭੀਰ ਕਨੂੰਨੀ ਸਿੱਟੇ ਨਿਕਲਣਗੇ। ਮਿਸਾਲ ਦੇ ਤੌਰ ਤੇ ਅਦਾਲਤ ਤੁਹਾਡੇ ਖਿਲਾਫ ਅਦਾਲਤ ਦੇ ਅਪਮਾਨ ਦਾ ਔਰਡਰ ਜਾਰੀ ਕਰ ਸਕਦੀ ਹੈ। ਅਦਾਲਤ ਕਈ ਤਰਾਂ ਦੀਆਂ ਸਜ਼ਾਵਾਂ ਵੀ ਲਾਗੂ ਕਰ ਸਕਦੀ ਹੈ, ਜਿਸ ਵਿਚ ਇਹ ਸ਼ਾਮਲ ਹੋ ਸਕਦੇ ਹਨ:

- ਅਦਾਲਤ ਨੂੰ ਅਦਾ ਕੀਤਾ ਗਿਆ ਜੁਰਮਨਾ
- ਦੂਜੀ ਪਾਰਟੀ ਨੂੰ ਉਨ੍ਹਾਂ ਦੇ ਖਰਚਿਆਂ ( ਮਿਸਾਲ ਵਜੋਂ ਵਕੀਲ ਦੀ ਫੀਸ) ਵਾਸਤੇ ਅਦਾ ਕੀਤਾ ਗਿਆ ਪੈਸਾ
- ਅਤੇ ਗੰਭੀਰ ਮਾਮਲਿਆਂ ਵਿਚ ਜੇਲ੍ਹ ਵੀ ਹੋ ਸਕਦੀ ਹੈ

ਕਈ ਵਾਰ ਤੁਸੀਂ ਕੋਰਟ ਔਰਡਰ ਦੀ ਪਾਲਣਾ ਨਹੀਂ ਕਰਨਾ ਚਾਹੁੰਦੇ, ਕਿਉਂਕਿ ਤੁਹਾਡੀ ਜਾਂ ਤੁਹਾਡੇ ਬੱਚੇ ਦੀ ਜ਼ਿੰਦਗੀ ਵਿਚ ਕੋਈ ਤਬਦੀਲੀ ਆਈ ਹੈ ਅਤੇ ਕੋਰਟ ਔਰਡਰ ਇਸ ਨੂੰ ਕਵਰ ਨਹੀਂ ਕਰਦਾ। ਤੁਹਾਨੂੰ ਲੱਗ ਸਕਦਾ ਹੈ ਕਿ ਇਹ ਕੋਰਟ ਔਰਡਰ ਤੁਹਾਡੇ ਬੱਚੇ ਦੇ ਬੇਹਤਰੀਨ ਹਿੱਤਾਂ ਵਿਚ ਨਹੀਂ ਰਿਹਾ।

ਅਜਿਹੀ ਹਾਲਤ ਵਿਚ ਤੁਹਾਨੂੰ ਅਦਾਲਤ ਵਿਚ ਜਾਣਾ ਪਵੇਗਾ ਅਤੇ ਕਹਿਣਾ ਪਵੇਗਾ ਕਿ ਨਵੀਂ ਹਾਲਤ ਮੁਤਾਬਕ ਔਰਡਰ ਬਦਲਿਆ ਜਾਵੇ। ਜਦੋਂ ਤੱਕ ਔਰਡਰ ਬਦਲਦਾ ਨਹੀਂ, ਤੁਹਾਨੂੰ ਮੂਲ ਕੋਰਟ ਔਰਡਰ ਦੀ ਪਾਲਣਾ ਕਰਨੀ ਪਵੇਗੀ।

## ਸਰਟੀਫਿਕੇਸ਼ਨ

ਇਹ ਮਹੱਤਵਪੂਰਨ ਹੈ ਕਿ ਤੁਸੀਂ ਆਪਣੇ ਫਰਜ਼ਾਂ ਨੂੰ ਜਾਣੋ ਅਤੇ ਇਹ ਕਹਿ ਸਕੋ ਕਿ ਤੁਸੀਂ ਉਨ੍ਹਾਂ ਨੂੰ ਸਮਝਦੇ ਹੋ।

ਨਵੇਂ *ਡਾਇਵੋਰਸ ਐਕਟ* ਅਧੀਨ, ਹਰ ਵਾਰ ਜਦੋਂ ਤੁਸੀਂ ਅਦਾਲਤ ਵਿਚ ਕੋਈ ਡਾਕੂਮੈਂਟ ਦਿੰਦੇ ਹੋ—ਚਾਹੇ ਇਹ ਕੋਈ ਅਦਾਲਤੀ ਮਾਮਲਾ ਚਲਾਉਣ ਲਈ ਹੋਵੇ ਜਾਂ ਕਿਸੇ ਦਾ ਜਵਾਬ ਹੋਵੇ—ਤੁਹਾਨੂੰ ਇਸ ਗੱਲ ਦੀ ਪੁਸ਼ਟੀ ਕਰਨੀ ਹੋਵੇਗੀ ਕਿ ਤੁਸੀਂ *ਡਾਇਵੋਰਸ ਐਕਟ* ਵਿਚ ਦਿੱਤੇ ਪੰਜੇ ਫਰਜ਼ ਸਮਝਦੇ ਹੋ।

ਇਹ ਹਰ ਉਸ ਕਿਸੇ ਤੇ ਲਾਗੂ ਹੁੰਦਾ ਹੈ, ਜੋ ਕਿਸੇ ਅਦਾਲਤੀ ਮਾਮਲੇ ਵਿਚ ਧਿਰ ਹੈ। ਤੁਹਾਨੂੰ ਇਸ ਗੱਲ ਦੀ ਪੁਸ਼ਟੀ ਕਰਨੀ ਹੋਵੇਗੀ ਕਿ ਤੁਹਾਡੇ ਕੋਲ ਕੋਈ ਵਕੀਲ ਹੈ ਜਾਂ ਤੁਸੀਂ ਖੁਦ ਆਪਣੀ ਨੁਮਾਇੰਦਗੀ ਕਰੋਗੇ।

**ਯਾਦ ਰੱਖੋ—ਤੁਹਾਡੇ ਫਰਜ਼ ਇਹ ਹਨ:**

1) **ਆਪਣੇ ਬੱਚਿਆਂ ਦੇ ਬੇਹਤਰੀਨ ਹਿੱਤਾਂ ਲਈ ਕੰਮ ਕਰੋ**
2) **ਆਪਣੇ ਬੱਚਿਆਂ ਨੂੰ ਝਗੜੇ ਤੋਂ ਬਚਾਓ**
3) **ਜੇ ਇਹ ਅਣਉਚਿਤ ਨਾ ਹੋਵੇ ਤਾਂ ਝਗੜਾ ਨਿਪਟਾਉਣ ਦੀ ਕੋਸ਼ਿਸ਼ ਕਰੋ**
4) **ਕੋਰਟ ਕੇਸ ਵਿਚ ਲੋੜੀਂਦੀ ਸਾਰੀ ਜਾਣਕਾਰੀ ਪ੍ਰਦਾਨ ਕਰੋ**
5) **ਆਪਣੇ ਕੋਰਟ ਔਰਡਰਾਂ ਦਾ ਪਾਲਣ ਕਰੋ**

## ਲੀਗਲ ਅਡਵਾਈਜ਼ਰਾਂ ਦੇ ਫਰਜ਼

*ਡਾਇਵੋਰਸ ਐਕਟ* ਅਧੀਨ ਇਕ ਲੀਗਲ ਅਡਵਾਈਜ਼ਰ ਅਜਿਹਾ ਪ੍ਰੋਫੈਸ਼ਨਲ ਹੁੰਦਾ ਹੈ, ਜਿਹੜਾ ਐਕਟ ਅਧੀਨ ਕੇਸਾਂ ਵਿਚ ਤੁਹਾਨੂੰ ਕਨੂੰਨੀ ਸਲਾਹ ਦੇਣ ਜਾਂ ਤੁਹਾਡੀ ਨੁਮਾਇੰਦਗੀ ਕਰਨ ਲਈ ਕੁਆਲੀਫਾਇਡ ਹੁੰਦਾ ਹੈ। ਕੁੱਝ ਸੂਬਿਆਂ ਵਿਚ ਇਹ ਨੋਟਰੀ ਜਾਂ ਪੈਰਾਲੀਗਲ ਵੀ ਹੋ ਸਕਦਾ ਹੈ।
*ਡਾਇਵੋਰਸ ਐਕਟ* ਵਿਚ ਤਬਦੀਲੀਆਂ ਲੀਗਲ ਅਡਵਾਈਜ਼ਰਾਂ ਲਈ ਵੀ ਨਵੇਂ ਫਰਜ਼ ਲਾਗੂ ਕਰ ਰਹੀਆਂ ਹਨ ਤਾਂ ਜੋ ਐਕਟ ਅਧੀਨ ਤੁਹਾਡੇ ਫਰਜ਼ਾਂ ਵਿਚ ਤੁਹਾਡੀ ਮਦਦ ਕਰ ਸਕਣ। ਮਿਸਾਲ ਦੇ ਤੌਰ ਤੇ, ਲੀਗਲ ਅਡਵਾਇਜ਼ਰਾਂ ਦੀ ਇਹ ਲੋੜ ਹੈ ਕਿ ਉਹ

- ਆਪਣੇ ਗ੍ਰਾਹਕਾਂ ਨੂੰ ਇਸ ਗੱਲ ਲਈ ਪ੍ਰੇਰਿਤ ਕਰਨ ਕਿ ਜਦੋਂ ਤੱਕ ਸਪਸ਼ਟ ਤੌਰ ਤੇ ਅਜਿਹਾ ਕਰਨਾ ਅਣਉਚਿਤ ਨਾ ਹੋਵੇ, ਪਰਿਵਾਰਕ ਮਾਮਲਿਆਂ ਦੇ ਨਿਪਟਾਰੇ ਲਈ ਪਰਿਵਾਰਕ ਝਗੜਾ ਨਿਪਟਾਰਾ ਪ੍ਰਕਿਰਿਆ ਦੀ ਵਰਤੋਂ ਕੀਤੀ ਜਾਵੇ।
- ਆਪਣੇ ਗ੍ਰਾਹਕਾਂ ਨੂੰ ਫੈਮਿਲੀ ਜਸਟਿਸ ਸੇਵਾਵਾਂ ਬਾਰੇ ਦੱਸਣ ਤਾਂ ਜੋ ਉਨ੍ਹਾਂ ਦੀ ਐਕਟ ਅਧੀਨ ਪਰਿਵਾਰਕ ਮਾਮਲੇ ਨਿਪਟਾਉਣ ਵਿਚ ਮਦਦ ਕਰ ਸਕਣ ਜਾਂ *ਡਾਇਵੋਰਸ ਐਕਟ* ਅਧੀਨ ਆਪਣੇ ਕਨੂੰਨੀ ਫਰਜ਼ ਪੂਰੇ ਕਰ ਸਕਣ।

ਲੀਗਲ ਅਡਵਾਇਜ਼ਰਾਂ ਦਾ ਇਹ ਕਨੂੰਨੀ ਫਰਜ਼ ਵੀ ਹੈ ਕਿ ਤੁਹਾਨੂੰ ਤੁਹਾਡੇ ਫਰਜ਼ਾਂ ਬਾਰੇ ਦੱਸਣ.

ਫੈਮਿਲੀ ਜਸਟਿਸ ਸੇਵਾਵਾਂ ਬਾਰੇ ਹੋਰ ਜਾਣਕਾਰੀ ਇਥੇ ਉਪਲਬਧ ਹੈ।

ਲੀਗਲ ਅਡਵਾਇਜ਼ਰਾਂ ਦਾ ਫਰਜ਼ ਇਹ ਤਸਦੀਕ ਕਰਨਾ ਵੀ ਹੈ ਕਿ ਉਨ੍ਹਾਂ *ਡਾਇਵੋਰਸ ਐਕਟ* ਅਧੀਨ ਆਪਣੇ ਫਰਜ਼ਾਂ ਦੀ ਪਾਲਣਾ ਕੀਤੀ ਹੈ।

## ਸੰਬੰਧਤ ਲਿੰਕ

- ਯੋਜਨਾਵਾਂ ਬਣਾਉਣਾ: ਅਲਹਿਦਗੀ ਜਾਂ ਤਲਾਕ ਤੋਂ ਬਾਦ ਬੱਚਿਆਂ ਦੀ ਪਰਵਰਿਸ਼ (parenting) ਦੇ ਪ੍ਰਬੰਧਾਂ ਬਾਰੇ ਗਾਈਡ
- ਪਰਵਰਿਸ਼ ਯੋਜਨਾ ਚੈਕਲਿਸਟ
- ਪਰਵਰਿਸ਼ ਯੋਜਨਾ ਔਜਾਰ
- ਪਰਵਰਿਸ਼ ਫੈਕਟ ਸ਼ੀਟ
- ਪਰਿਵਾਰਕ ਝਗੜੇ ਦਾ ਨਿਪਟਾਰਾ ਫੈਕਟ ਸ਼ੀਟ
- ਤਲਾਕ ਅਤੇ ਪਰਿਵਾਰਕ ਹਿੰਸਾ ਫੈਕਟ ਸ਼ੀਟ